# ਤੁਹਾਡੇ ਕੋਰਸ ਦਾ ਕੰਮ

**ਤੁਹਾਨੂੰ ਕੀ ਜਾਨਣ ਦੀ ਲੋੜ ਹੈ**

**ਅਕਸਰ SQA ਦੇ ਕੋਰਸਾਂ ਵਿੱਚ, ਆਪਣਾ ਕੋਰਸ ਸ਼ੁਰੂ ਹੁੰਦੇ ਹੀ, ਤੁਸੀਂ ਕੋਰਸ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੰਦੇ ਹੋ। ਇਸ ਵਿੱਚ ਤੁਹਾਡੇ ਸਹਾਇਤਾ ਲਈ, ਇੱਥੇ ਕੁੱਝ ਨਿਯਮ ਹਨ ਜਿਹੜੇ ਕੀ ਤੁਹਾਡੀ ਮਾਰਕਿੰਗ ਲਈ ਸਮੱਗਰੀ ਬਣਾਉਣ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਜਾਨਣੇ ਜ਼ਰੂਰੀ ਹਨ।**

**ਇਹ ਨਿਯਮ ਮਹਤੱਵਪੂਰਨ ਹਨ, ਇਸ ਲਈ ਕਿਰਪਾ ਕਰਕੇ ਪੱਕੇ ਤੌਰ ਤੇ ਇਹ ਪੁਸਤਿਕਾ ਪੜ੍ਹੋ ਅਤੇ ਸਮਝੋ, ਭਾਵੇਂ ਤੁਹਾਡਾ ਕੋਰਸ ਦਾ ਕੰਮ ਹਜੇ ਕੁੱਝ ਸਮੇਂ ਤੱਕ ਜਮਾਂ ਨਹੀਂ ਕੀਤਾ ਜਾਣਾ, ਜਾਂ ਜੇ ਤੁਸੀਂ ਪਿਛਲੇ ਸਾਲਾਂ ਵਿੱਚ ਹੀ ਆਪਣਾ ਕੋਰਸ ਦਾ ਕੰਮ ਪੇਸ਼ ਕਰ ਦਿੱਤਾ ਹੈ।**

**ਇਸ ਪੁਸਤਿਕਾ ਵਿੱਚ ਦਿੱਤੀ ਗਈ ਜਾਣਕਾਰੀ ਸਾਰੇ ਕੋਰਸ ਦੇ ਕੰਮ ਨਾਲ ਸੰਬੰਧਤ ਹੈ, ਇਹ ਸਿਰਫ਼ SQA ਵਿੱਚ ਮਾਰਕ ਕਰਨ ਲਈ ਪੇਸ਼ ਕੀਤੇ ਜਾਣ ਵਾਲੇ ਕੋਰਸ ਦੇ ਕੰਮ ਦੇ ਨਾਲ ਹੀ ਸੰਬੰਧਤ ਨਹੀਂ ਹੈ। ਤੁਹਾਡੇ ਟੀਚਰ ਜਾਂ ਲੈਕਚਰੱਰ ਤੁਹਾਨੂੰ ਦੱਸ ਸਕਣਗੇ ਕਿ ਤੁਹਾਡੇ ਇਹਨਾਂ ਨਿਯਮਾਂ ਦੀ ਪਾਲਣਾ ਨਾ ਕਰਨ ਤੇ, ਕੀ ਪੈਨਲਟੀ ਲੱਗ ਸਕਦੀ ਹੈ।**

**ਜੇ ਤੁਹਾਨੂੰ ਕਿਸੇ ਚੀਜ਼ ਬਾਰੇ ਪੱਕਾ ਪਤਾ ਨਾ ਹੋਵੇ, ਜਾਂ ਤੁਸੀਂ ਹੋਰ ਜਾਣਕਾਰੀ ਲੈਣਾ ਚਾਹੋ, ਤਾਂ ਆਪਣੇ ਟੀਚਰ ਜਾਂ ਲੈਕਚਰੱਰ ਨਾਲ ਗੱਲ ਕਰੋ।**

## ਸੇਧ

ਤੁਸੀਂ ਕਿਹੜੇ ਕੋਰਸ ਦੀ ਪੜਾਈ ਕਰ ਰਹੇ ਹੋ ਤੇ, ਤੁਹਾਡੇ ਕੋਰਸ ਦਾ ਕੰਮ, ਉਦਾਹਰਨ ਲਈ: ਕੋਈ ਪ੍ਰੋਜੈਕਟ, ਪੋਰਟਫੋਲੀਓ ਜਾਂ ਲੇਖ ਹੋ ਸਕਦਾ ਹੈ। ਤੁਹਾਡੇ ਕੰਮ ਦੀ ਬਣਤਰ ਕੁੱਝ ਵੀ ਹੋਵੇ, ਇਹ ਤੁਹਾਡੇ ਆਪਣੇ ਵਿਸ਼ੇ ਬਾਰੇ ਗਿਆਨ ਦਿਖਾਉਣ ਦਾ ਅਤੇ ਤੁਹਾਡੇ ਅੰਤਿਮ ਗ੍ਰੇਡ ਵਿੱਚ ਕਾਫੀ ਫ਼ਰਕ ਪਾਉਣ ਲਈ ਅੰਕ ਪ੍ਰਾਪਤ ਕਰਨ ਦਾ ਮੌਕਾ ਹੈ।

ਤੁਸੀਂ ਆਪਣੇ ਕੰਮ ਦਾ ਸਮਰਥਨ ਕਰਨ ਲਈ ਬਹੁਤ ਸਾਰੇ ਵੱਖ-ਵੱਖ ਸਰੋਤਾਂ ਨੂੰ ਵਰਤ ਸਕਦੇ ਹੋ – ਉਦਾਹਰਨ ਲਈ: ਪੁਸਤਕਾਂ, ਟੀ.ਵੀ., ਰੇਡੀਓ ਅਤੇ ਇੰਟਰਨੈਟ। ਤੁਹਾਡੇ ਕੋਰਸ ਦੇ ਕੰਮ ਲਈ ਇਹ ਉਸਾਰੀ ਲਈ ਅਤੇ ਇਹਨਾਂ ਦੀ ਵਰਤੋਂ ਕਰਨਾ ਸਿੱਖਣ ਦਾ ਬਹੁਤ ਵਧੀਆ ਤਰੀਕਾ ਹੈ।

**ਲੇਕਿਨ, ਤੁਸੀਂ ਦੂਜੇ ਸਰੋਤਾਂ ਤੋਂ ਸਿਰਫ਼ ਨਕਲ ਕਰਕੇ ਅਤੇ ਕਿਸੇ ਚੀਜ਼ ਨੂੰ ਸ਼ਾਮਲ ਕਰਕੇ ਆਪਣੇ ਕੰਮ ਵੱਜੋਂ ਪੇਸ਼ ਨਹੀਂ ਕਰ ਸਕਦੇ ( ਇਸ ਨੂੰ 'ਪਾਸਿੰਗ ਆਫ' ਕਿਹਾ ਜਾਂਦਾ ਹੈ)। ਜੋ ਕੰਮ ਤੁਸੀਂ ਕੀਤਾ ਹੈ ਅਤੇ ਜੋ ਹੋਰ ਸਰੋਤਾਂ ਤੋਂ ਪ੍ਰਾਪਤ ਕਰਕੇ ਪੇਸ਼ ਕੀਤਾ ਜਾ ਰਿਹਾ ਹੈ, ਉਸ ਨੂੰ ਸਪਸ਼ਟ ਰੂਪ ਵਿੱਚ ਦਿਖਾਉਣਾ ਬਹੁਤ ਜ਼ਰੂਰੀ ਹੈ।**

ਤੁਸੀਂ ਕੋਰਸ ਦੇ ਕੰਮ ਦਾ ਜਿਹੜਾ ਵੀ ਹਿੱਸਾ ਪੂਰਾ ਕਰਦੇ ਹੋ, ਉਸਦੀਆਂ ਆਪਣੀਆਂ ਅਲੱਗ ਜਰੂਰਤਾਂ ਹੋਣਗੀਆਂ। ਤੁਹਾਡੇ ਟੀਚਰ ਜਾਂ ਲੈਕਚਰੱਰ ਤੁਹਾਨੂੰ ਦੱਸ ਸਕਣਗੇ ਕਿ ਤੁਹਾਡੇ ਕੋਰਸ ਦੇ ਕੰਮ ਦੇ ਹਰ ਹਿੱਸੇ ਲਈ ਕਿਹੜੀਆਂ ਖਾਸ ਜਰੂਰਤਾਂ ਹਨ।

ਕੁਝ ਕੋਰਸ ਦੇ ਕੰਮ ਦੀਆਂ ਅਸੈਸਮੈਂਟਾਂ ਨਿਯੰਤਰਿਤ ਸਥਿਤੀਆਂ ਵਿੱਚ ਪੂਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਤੁਸੀਂ ਇਕ ਰਿਸੋਰਸ ਸ਼ੀਟ ਵਰਤ ਸਕਦੇ ਹੋ। ਰਿਸੋਰਸ ਸ਼ੀਟ ਨੂੰ ਕਦੇ-ਕਦੇ ਰਿਸੋਰਸ ਸਬੂਤ ਜਾਂ ਪ੍ਰੋਸੈਸਡ ਜਾਣਕਾਰੀ ਵੀ ਕਿਹਾ ਜਾਂਦਾ ਹੈ। ਇਸ ਨੂੰ ਵਰਤਣ ਅਤੇ ਪੇਸ਼ ਕਰਨ ਬਾਰੇ ਨਿਯਮਾਂ ਨਾਲ ਜਾਣੂ ਹੋਣਾ, ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ਦਾ ਮਤਲਬ ਹੋ ਸਕਦਾ ਹੈ ਕਿ ਤੁਸੀਂ ਆਪਣੇ ਕੋਰਸ ਦੇ ਕੰਮ ਦੀ ਅਸੈਸਮੈਂਟ ਲਈ ਅੰਕ ਗਵਾ ਬੈਠੋ, ਅਤੇ ਕੁਝ ਵਿਸ਼ਿਆਂ ਵਿੱਚ ਅੰਕ ਕ੍ਰੈਡਿਟ ਨਾ ਹੋਣ। ਆਪਣੇ ਟੀਚਰ ਜਾਂ ਲੈਕਚਰੱਰ ਨਾਲ ਗੱਲ ਕਰਕੇ ਦੇਖੋ ਕਿ ਤੁਹਾਨੂੰ ਰਿਸੋਰਸ ਸ਼ੀਟ ਵਰਤਣ ਅਤੇ ਪੇਸ਼ ਕਰਨ ਲਈ ਕੀ ਕੁੱਝ ਜਾਨਣ ਦੀ ਲੋੜ ਹੈ।

ਸਧਾਰਨ ਅਸੈਸਮੈਂਟ ਜਾਣਕਾਰੀ ਸਾਰੇ ਨੇਸ਼ਨਲ 5, ਹਾਇਰ ਅਤੇ ਐਡਵਾਂਸਡ ਹਾਇਰ ਕੋਰਸਾਂ ਲਈ ਉਪਲਬਧ ਹੈ ਜਿਸ ਵਿਚ ਕੋਰਸ ਦਾ ਕੰਮ, ਕੋਰਸ ਅਸੈਸਮੈਂਟ ਦਾ ਹੀ ਹਿੱਸਾ ਹੁੰਦਾ ਹੈ। ਇਹ ਜਾਣਕਾਰੀ ਤੁਹਾਨੂੰ ਕੋਰਸ ਦੇ ਕੰਮ ਦੀ ਇੱਕ ਸੰਖੇਪ ਜਾਣਕਾਰੀ ਦੇਂਦੀ ਹੈ ਜੋ ਤੂਸੀਂ ਕਰੋਗੇ ਅਤੇ ਦੱਸਦੀ ਹੈ ਕਿ ਕਿਸ ਚੀਜ਼ ਦੀ ਲੋੜ ਹੈ। ਇਸ ਵਿੱਚ ਕਈ ਤਰ੍ਹਾਂ ਦੀ ਜਾਣਕਾਰੀ ਸਮਾਉਂਦੀ ਹੈ ਜਿਵੇਂ ਕਿ ਕੰਮ ਕਿਵੇਂ ਕਰਨਾ ਹੈ, ਕੰਮ ਕਿਵੇਂ ਜਮ੍ਹਾਂ ਕਰਵਾਉਣਾ ਹੈ, ਇਸ ਨੂੰ ਕੌਣ ਮਾਰਕ ਕਰੇਗਾ, ਅਤੇ ਜਿਹੜੇ ਆਮ ਮਾਰਕਿੰਗ ਨਿਰਦੇਸ਼ ਵਰਤੇ ਜਾਣਗੇ।

ਇਹ ਜਾਣਕਾਰੀ ਸਾਡੀ ਵੈਬਸਾਈਟ ਤੇ, 'Coursework information' ਹੇਠ, ਵਿਸ਼ਾ ਪੰਨਿਆਂ ਤੇ ਉਪਲਬਧ ਹੈ। ਤੁਸੀਂ ਵਿਸ਼ਾ ਪੰਨਿਆਂ ਤੇ **www.sqa.org.uk/nq** ਤੋਂ ਜਾ ਸਕਦੇ ਹੋ।

ਇਥੇ ਇਹ ਨਿਯਮ ਤੁਹਾਡੀ ਮਦਦ ਕਰਨ ਲਈ ਹਨ:

## 1. ਡੈਡਲਾਈਨਾਂ – ਆਪਣਾ ਕੰਮ ਸਮੇਂ ਸਿਰ ਪੇਸ਼ ਕਰੋ

ਡਰਾਫਟ (ਜਿੱਥੇ ਆਗਿਆ ਹੋਵੇ) ਜਾਂ ਸੰਪੂਰਨ ਕੰਮ ਪੇਸ਼ ਕਰਨ ਲਈ ਡੈਡਲਾਈਨਾਂ ਤੁਹਾਡਾ ਟੀਚਰ ਜਾਂ ਲੈਕਚਰੱਰ ਨਿਰਧਾਰਿਤ ਕਰੇਗਾ, ਅਤੇ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਇਹਨਾਂ ਦੀ ਪੂਰਤੀ ਕੀਤੀ ਜਾਵੇ। ਇਵੇਂ ਕਰਨ ਦਾ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਆਪਣੇ ਕੰਮ ਪੇਸ਼ ਕਰਨ ਲਈ ਆਖਰੀ ਮਿਤੀ ਦੀ ਉਡੀਕ ਨਾ ਕਰੋ।

ਤੁਸੀਂ ਕਿਸ ਪ੍ਰਕਾਰ ਦੇ ਕੋਰਸ ਦਾ ਕੰਮ ਕਰ ਰਹੇ ਹੋ ਤੇ ਨਿਰਭਰ, ਜਿਵੇਂ-ਜਿਵੇਂ ਤੁਸੀਂ ਕੰਮ ਕਰਦੇ ਜਾਂਦੇ ਹੋ ਤੁਹਾਨੂੰ ਤੁਹਾਡੇ ਟੀਚਰ ਜਾਂ ਲੈਕਚਰੱਰ ਨੂੰ ਦਿਖਾਉਣਾ ਚਾਹੀਦਾ ਹੈ ਤਾਂ ਕਿ ਜਿਉਂ ਹੀ ਕੋਈ ਮਸਲਾ ਪੈਦਾ ਹੋਵੇ ਉਸ ਨਾਲ ਨਜਿੱਠਣ ਲਈ ਉਹ ਤੁਹਾਡੀ ਮਦਦ ਕਰ ਸਕਣ, ਤਾਂ ਜੋ ਤੁਸੀਂ ਸਭ ਕੁੱਝ ਸਮੇਂ ਤੇ ਤਿਆਰ ਕਰ ਸਕੋ। ਪਤਾ ਕਰਨ ਲਈ ਕਿ ਉਹ ਤੁਹਾਨੂੰ ਕਿਸ ਪ੍ਰਕਾਰ ਦੇ ਸਹਾਰੇ ਪੇਸ਼ ਕਰ ਸਕਦੇ ਹਨ ਆਪਣੇ ਟੀਚਰ ਜਾਂ ਲੈਕਚਰੱਰ ਨਾਲ ਗੱਲ ਕਰੋ।

ਜੇ ਤੁਹਾਨੂੰ ਆਖਰੀ ਮਿਤੀ ਤੱਕ ਕੰਮ ਪੇਸ਼ ਕਰਨ ਲਈ ਮੁਸ਼ਕਲ ਆ ਰਹੀ ਹੋਵੇ, ਤਾਂ ਘਬਰਾਓ ਨਾ। ਆਪਣੇ ਟੀਚਰ ਜਾਂ ਲੈਕਚਰੱਰ ਨਾਲ ਗੱਲ ਕਰੋ ਤਾਂ ਕੇ ਪਤਾ ਕੀਤਾ ਜਾ ਸਕੇ ਕਿ ਮਦਦ ਕਰਨ ਲਈ ਕੀ ਕੀਤਾ ਜਾ ਸਕਦਾ ਹੈ।

## 2. ਸ਼ਬਦਾਂ ਦੀ ਸੰਖਿਆ - ਸ਼ਬਦ ਦੀ ਸੰਖਿਆ ਨਾ ਟੱਪੋ

ਜੇਕਰ ਤੁਹਾਡੇ ਕੋਰਸ ਦੇ ਕੰਮ ਵਿੱਚ ਅਧਿਕਤਮ ਸ਼ਬਦਾਂ ਦੀ ਸੰਖਿਆ ਦਿੱਤੀ ਗਈ ਹੈ, ਤਾਂ ਤੁਹਾਨੂੰ ਹਮੇਸ਼ਾ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ।

## 3. ਸਰੋਤ – ਸਭ ਬਾਰੇ ਦੱਸੋ

ਤੁਹਾਨੂੰ ਕਿਤਾਬਾਂ, ਟੀਵੀ ਅਤੇ ਇੰਟਰਨੈਟ ਵਰਗੇ ਸਰੋਤਾਂ ਤੋਂ ਸਾਰੀ ਸਮੱਗਰੀ ਬਾਰੇ ਦੱਸਣਾ ਲਾਜ਼ਮੀ ਹੈ। ਇਹ ਕਿਸ ਤਰਾਂ ਕੀਤਾ ਜਾਂਦਾ ਹੈ, ਇਸ ਬਾਰੇ ਤੁਹਾਡਾ ਟੀਚਰ ਜਾਂ ਲੈਕਚਰੱਰ ਤੁਹਾਨੂੰ ਦੱਸ ਸਕਦਾ ਹੈ, ਪਰ ਇਹ ਕੁੱਝ ਸੰਕੇਤਕ ਹਨ:

- ਹੋਰ ਸਰੋਤਾਂ ਤੋਂ ਪ੍ਰਾਪਤ ਕੀਤੀ ਹੋਏ ਕਿਸੇ ਟੈਕਸਟ ਦੁਆਲੇ "ਕੋਟੇਸ਼ਨ ਮਾਰਕਸ" ਲਗਾਓ ਅਤੇ ਸਪਸ਼ਟ ਕਰੋ ਕਿ ਉਹ ਕਿਹੜੇ ਸਰੋਤ ਹਨ।
- ਕਿਸੇ ਵੀ ਚਿੱਤਰ ਜ ਵਰਣਨ ਬਾਰੇ ਸੋਚੋ ਜਿਹੜੇ ਤੁਸੀਂ ਵਰਤੇ ਹਨ- ਇਹਨਾਂ ਦੇ ਸਰੋਤਿਆਂ ਦਾ ਵੀ ਹਵਾਲਾ ਦੇਣ ਦੀ ਲੋੜ ਹੁੰਦੀ ਹੈ।
- ਜੇ ਤੁਹਾਨੂੰ ਲੋੜ ਹੋਵੇ ਤਾਂ ਪੁਸਤਕ ਸੂਚੀ (ਹਵਾਲਿਆਂ ਦੀ ਸੂਚੀ) ਬਣਾਓ – ਇਹ ਤੁਹਾਡੇ ਕੰਮ ਦੇ ਅੰਤ ਵਿੱਚ ਸ਼ਾਮਲ ਕੀਤੀ ਜਾਂਦੀ ਹੈ।

## 4. ਪਲੇਗਿਆਰਿਜ਼ਮ (Plagiarism) – ਦੂਜਿਆਂ ਦੇ ਕੰਮ ਦਾ ਆਪਣਾ ਹੋਣ ਦਾ ਝੂਠਾ ਦਿਖਾਵਾ ਨਾ ਕਰੋ

ਦੂਜੇ ਲੋਕਾਂ ਦੇ ਕੰਮ ਅਤੇ ਖਿਆਲ, ਆਪਣੇ ਬਣਾ ਕੇ ਪੇਸ਼ ਕਰਨ ਨੂੰ 'ਪਲੇਗਿਆਰਿਜ਼ਮ' ਕਹਿੰਦੇ ਹਨ, ਅਤੇ ਇਹ ਧੋਖੇਬਾਜੀ ਹੈ। ਜੇ ਤੁਸੀਂ ਆਪਣੇ ਕੋਰਸ ਦੇ ਕੰਮ ਵਿੱਚ ਸੋਮਿਆਂ ਬਾਰੇ ਨਾ ਦੱਸੋ, ਤਾਂ ਇਹ ਵੀ ਪਲੇਗਿਆਰਿਜ਼ਮ ਗਿਣਿਆ ਜਾਂਦਾ ਹੈ।

ਇਹ ਤੁਹਾਡਾ ਖੁਦ ਦਾ ਕੰਮ ਨਹੀਂ ਹੈ ਜੇ:

- ਉਹ ਪੂਰਾ ਕੰਮ ਜਾਂ ਉਸ ਦਾ ਕੁਝ ਹਿੱਸਾ ਕਿਸੇ ਨੇ ਤਿਆਰ ਕੀਤਾ ਹੋਵੇ
- ਉਹ ਕੰਮ ਜੋ ਕਿਸੇ ਹੋਰ ਪ੍ਰੀਖਿਆਰਥੀ, ਭਰਾ, ਭੈਣ, ਦੋਸਤ ਜਾਂ ਕਿਸੇ ਹੋਰ ਨੇ ਤਿਆਰ ਕੀਤਾ ਹੋਵੇ, ਜਿਹੜੇ ਇਸ ਤਰਾਂ ਦੇ ਕੋਰਸ ਦਾ ਕੰਮ<br>ਪਹਿਲਾਂ ਪੇਸ਼ ਕਰ ਚੁੱਕੇ ਹਨ
- ਤੁਹਾਡੇ ਟੀਚਰ ਜਾਂ ਲੈਕਚਰੱਰ ਦੁਆਰਾ ਉਦਾਹਰਨ ਦੇਣ ਲਈ ਤਿਆਰ ਕੀਤਾ ਹੋਇਆ ਕੰਮ ਹੋਵੇ
- ਤੁਸੀਂ ਕਿਸੇ ਕਿਤਾਬ, ਇੰਟਰਨੈਟ ਸਾਈਟ ਜਾਂ ਐਸੇ ਬੈਂਕ ਤੋਂ ਨਕਲ ਕੀਤੀ ਹੋਵੇ

**ਮਾਰਕ ਕਰਨ ਵਾਲੇ ਸੌਖਾ ਹੀ ਪਲੇਗਿਆਰਿਜ਼ਮ ਨੂੰ ਫੜ ਲੈਂਦੇ ਹਨ।**

## 5. ਆਪਣੇ ਆਪ ਹੀ ਕਰੋ – ਜਦੋਂ ਤੱਕ ਇਹ ਗਰੁੱਪ ਵਿੱਚ ਕਰਨ ਵਾਲਾ ਕੰਮ ਨਾ ਹੋਵੇ

**ਮਿਲੀਭਗਤ (Collusion)** ਦਾ ਮਤਲਬ ਹੈ ਦੂਜਿਆਂ ਨਾਲ ਮਿਲ ਕੇ ਕੰਮ ਕਰਨਾ ਜਦੋਂ ਤੁਹਾਨੂੰ ਇਕੱਲਿਆਂ ਨੂੰ ਕੰਮ ਕਰਨਾ ਚਾਹੀਦਾ ਹੈ। ਇਹ ਮਦਦ ਦੇਣ, ਮਦਦ ਪ੍ਰਾਪਤ ਕਰਨ, ਅਤੇ ਪਾਸਵਰਡ, ਫਾਇਲਾਂ ਅਤੇ ਕਾਗਜੀ ਕੰਮ ਨੂੰ ਸਾਂਝਾ ਕਰਨ ਤੇ ਲਾਗੂ ਹੁੰਦਾ ਹੈ।

ਮਿਲੀਭਗਤ ਵਿੱਚ ਸ਼ਾਮਲ ਸਾਰੇ ਜਣੇ ਨਿਯਮ ਤੋੜ ਰਹੇ ਹੁੰਦੇ ਹਨ, ਸਿਰਫ਼ ਇਕੱਲਾ ਉਹ ਵਿਅਕਤੀ ਹੀ ਨਹੀਂ ਜਿਸ ਨੇ ਮਦਦ ਮੰਗੀ ਹੋਵੇ। ਜੇ ਕੋਈ ਦੂਜਾ ਪ੍ਰੀਖਿਆਰਥੀ ਤੁਹਾਨੂੰ ਮਦਦ ਕਰਨ ਲਈ ਬੇਨਤੀ ਕਰੇ, ਤਾਂ ਤੁਹਾਨੂੰ ਸਲਾਹ ਦੇਣੀ ਚਾਹੀਦੀ ਹੈ ਕਿ ਉਹ ਟੀਚਰ ਜਾਂ ਲੈਕਚਰੱਰ ਨਾਲ ਗੱਲ ਕਰੇ।

ਜੇ ਤੁਸੀਂ ਕਿਸੇ ਸਮੂਹ ਦੇ ਹਿੱਸੇ ਵੱਜੋਂ ਕੰਮ ਕਰ ਰਹੇ ਹੋਵੋ (ਉਦਾਹਰਨ ਲਈ ਸਮੂਹ ਪ੍ਰੋਜੈਕਟ ਤੇ), ਤਾਂ ਤੁਹਾਨੂੰ ਪੱਕਾ ਕਰਨਾ ਚਾਹੀਦਾ ਹੈ ਕਿ ਤੁਹਾਡੇ ਦੁਆਰਾ ਪੇਸ਼ ਕੀਤਾ ਗਿਆ ਸਾਰਾ ਲਿਖਤੀ ਕੰਮ ਤੁਹਾਡਾ ਖੁਦ ਦਾ ਹੋਵੇ।

**ਜੇਕਰ ਤੁਹਾਨੂੰ ਕੋਰਸ ਦਾ ਕੰਮ ਪੂਰਾ ਕਰਨ ਵਿੱਚ ਮੁਸ਼ਕਲ ਆ ਰਹੀ ਹੋਵੇ, ਤਾਂ ਸਭ ਤੋਂ ਵਧੀਆ ਸਲਾਹ ਸਿੱਧੇ ਤੌਰ ਤੇ ਟੀਚਰਾਂ ਜਾਂ ਲੈਕਚਰੱਰਾਂ ਤੋਂ ਪ੍ਰਾਪਤ ਹੁੰਦੀ ਹੈ।**

## 6. ਭਾਸ਼ਾ – ਕੋਈ ਅਪਮਾਨਜਨਕ ਭਾਸ਼ਾ ਜਾਂ ਤਸਵੀਰਾਂ ਨਾ ਹੋਣ

ਸਾਰੇ ਕੋਰਸ ਦਾ ਕੰਮ ਪੇਸ਼ ਕਰਨ ਵਾਲਿਆਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਦੂਜੇ ਪ੍ਰੀਖਿਆਰਥੀ, ਟੀਚਰਾਂ, ਲੈਕਚਰੱਰ, ਮਾਰਕ ਕਰਨ ਵਾਲਿਆਂ ਅਤੇ SQA ਦਾ ਸਤਿਕਾਰ ਕਰਨ। ਆਪਣੇ ਕੰਮ ਵਿੱਚ ਬਦਤਮੀਜ਼, ਬਦਜ਼ੁਬਾਨ, ਅਪਮਾਨਜਨਕ ਜਾਂ ਵਿਤਕਰੇ ਵਾਲੀ ਭਾਸ਼ਾ ਜਾਂ ਤਸਵੀਰਾਂ ਨਾਂ ਵਰਤੋ। ਇਹ ਪ੍ਰਵਾਨ ਕਰਨ ਯੋਗ ਨਹੀਂ ਕਿ ਮਾਰਕ ਕਰਨ ਵਾਲਿਆਂ ਨੂੰ ਅਣਉਚਿਤ ਤੱਤ ਵਿਚਾਰ-ਅਧੀਨ ਕਰਨੇ ਪੈਣ।

**ਯਾਦ ਰੱਖੋ ਕਿ ਮਾਰਕ ਕਰਨ ਵਾਲੇ ਅਪਮਾਨਜਨਕ ਪੇਸ਼ ਕੀਤੇ ਕੰਮ ਦੀ ਜਾਂਚ ਯਕੀਨੀ ਬਣਾਉਂਦੇ ਹਨ।**

## 7. ਜਾਂਚੋ ਅਤੇ ਦੁਬਾਰਾ ਜਾਂਚੋ – ਪੇਸ਼ ਕਰਨ ਤੋਂ ਪਹਿਲਾਂ ਆਪਣਾ ਕੰਮ ਦੇਖੋ

ਆਪਣਾ ਕੋਰਸ ਦਾ ਕੰਮ ਪੇਸ਼ ਕਰਨ ਤੋਂ ਪਹਿਲਾਂ, ਜਾਂਚੋ ਕਿ:

- ਸਭ ਤੁਹਾਡਾ ਕੀਤਾ ਹੋਇਆ ਕੰਮ ਹੈ, ਅਤੇ ਸੋਮਿਆਂ ਤੋਂ ਪ੍ਰਾਪਤ ਕੀਤੀ ਸਮੱਗਰੀ ਬਾਰੇ ਸਹੀ ਤੌਰ ਤੇ ਦੱਸਿਆ ਗਿਆ ਹੈ
- ਪਿਛਲੇ ਸਾਲਾਂ ਦਾ ਕੋਈ ਵੀ ਕੰਮ ਜੋ ਤੁਸੀਂ ਪੇਸ਼ ਕਰ ਰਹੇ ਹੋ ਉਹ ਵੀ ਨਿਯਮਾਂ ਤੇ ਪੂਰਾ ਉਤਰਦਾ ਹੈ
- ਇੱਥੇ ਕੋਈ ਵੀ ਅਪਮਾਨਜਨਕ ਭਾਸ਼ਾ ਜਾ ਤਸਵੀਰਾਂ ਨਾ ਹੋਣ
- ਤੁਸੀਂ ਆਪਣੇ ਟੀਚਰ ਜਾਂ ਲੈਕਚਰੱਰ ਦੀਆਂ ਹਦਾਇਤਾਂ, ਅਤੇ SQA ਦੀਆਂ ਜ਼ਰੂਰਤਾਂ ਅਨੁਸਾਰ ਆਪਣੇ ਕੋਰਸ ਦਾ ਕੰਮ ਪੂਰਾ ਕੀਤਾ ਹੈ

## ਖ਼ਤਰੇ ਨਾ ਲਓ – ਪਲੇਗਿਆਰਿਜ਼ਮ ਅਤੇ ਮਿਲੀਭਗਤ ਨੂੰ ਫੜਨਾ ਔਖਾ ਨਹੀਂ

- ਟੀਚਰ ਜਾਂ ਲੈਕਚਰੱਰ ਨਿਯਮਿਤ ਤੌਰ ਤੇ ਡਰਾਫਟ ਪੜ੍ਹਦੇ ਹਨ ਅਤੇ ਲਿਖਤ ਦੇ ਨਮੂਨੇ ਅਤੇ ਭਾਸ਼ਾ ਦੀ ਵਰਤੋਂ ਵਿੱਚ ਆਈ ਤਬਦੀਲੀ ਦੀ ਪਛਾਣ ਕਰ ਲੈਂਦੇ ਹਨ।
- ਮਾਰਕ ਕਰਨ ਵਾਲਿਆਂ ਨੂੰ ਆਪਣੇ ਵਿਸ਼ੇ ਬਾਰੇ ਸੰਪੂਰਨ ਗਿਆਨ ਹੁੰਦਾ ਹੈ, ਇਸ ਕਰਕੇ ਉਹ ਬਹੁਤ ਸੋਮਿਆਂ ਤੋਂ ਜਾਣੂ ਹੁੰਦੇ ਹਨ।
- SQA ਉਹ ਸੌਫਟਵੇਅਰ ਵਰਤਦੀ ਹੈ ਜੋ ਪਲੇਗਿਆਰਿਜ਼ਮ ਅਤੇ ਮਿਲੀਭਗਤ ਦੀ ਪਛਾਣ ਕਰਦਾ ਹੈ। ਇਹ ਸੌਫਟਵੇਅਰ ਨਕਲ ਕੀਤੇ ਮੁਹਾਵਰਿਆਂ ਅਤੇ ਲਿਖਤਾਂ ਦਾ ਉਹਨਾਂ ਦੇ ਪ੍ਰਾਪਤੀ ਸੋਮਿਆਂ ਨਾਲ ਮੇਲ ਕਰਦਾ ਹੈ।

## ਪੈਨਲਟੀ – ਜੇ ਤੁਸੀਂ ਨਿਯਮਾਂ ਦੀ ਉਲੰਘਣਾ ਕੀਤੀ?

SQA ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਜੇ ਜਾਂਚ ਨੇ ਸਾਬਤ ਕਰ ਦਿੱਤਾ ਕਿ ਤੁਸੀਂ ਨਿਯਮਾਂ ਦੀ ਉਲੰਘਣਾ ਕੀਤੀ ਹੈ, ਕਿੰਨੀ ਸਜਾ ਦਿੱਤੀ ਜਾਵੇਗੀ ਉਹ ਮਾਮਲੇ ਦੀ ਗੰਭੀਰਤਾ ਉੱਪਰ ਨਿਰਭਰ ਹੋਵੇਗੀ। SQA ਫੈਸਲਾ ਕਰੇਗੀ ਕਿ ਕਿਹੜੀ ਸਜਾ ਉਚਿਤ ਹੈ। ਉਲੰਘਣਾ ਦੀ ਪ੍ਰਕਿਰਤੀ ਦੇ ਹਿਸਾਬ ਨਾਲ, ਪੈਨਲਟੀ ਦੀਆਂ ਪਰਕਾਰਾਂ ਵਿੱਚ ਇਹ ਸਭ ਸਮਾਉਂਦੇ ਹਨ:

- ਤੁਹਾਡੇ ਨੰਬਰ ਘਟਾਏ ਜਾ ਸਕਦੇ ਹਨ – ਜਾਂ ਤੁਹਾਨੂੰ ਸਿਫ਼ਰ ਨੰਬਰ ਦਿੱਤੇ ਜਾ ਸਕਦੇ ਹਨ।
- ਸਬੰਧਤ ਵਿਸ਼ੇ ਦੀ ਤੁਹਾਡੀ ਯੋਗਤਾ ਰੱਦ ਕੀਤੀ ਜਾ ਸਕਦੀ ਹੈ।
- ਪੂਰੇ ਸਾਲ ਦੀਆਂ ਤੁਹਾਡੀਆਂ ਸਭ ਯੋਗਤਾਵਾਂ ਰੱਦ ਕੀਤੀਆਂ ਜਾ ਸਕਦੀਆਂ ਹਨ।

**ਨਿਯਮਾਂ ਦੀ ਪਾਲਣਾ ਕਰੋ ਅਤੇ ਹਰ ਕਦਮ ਤੇ ਸਹੀ ਕੰਮ ਕਰੋ।**

## ਘੋਸ਼ਣਾ - ਇਸ ਨੂੰ ਪੜੋ ਅਤੇ ਸਮਝੋ

ਤੁਹਾਡੇ ਕੋਰਸ ਦਾ ਕੰਮ SQA ਨੂੰ ਮਾਰਕ ਕਰਨ ਲਈ ਭੇਜਣ ਤੋਂ ਪਹਿਲਾਂ, ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਇੱਕ ਘੋਸ਼ਣਾਪੱਤਰ ਦੇਵੇਗਾ ਜਿਸ ਤੇ ਤੁਹਾਨੂੰ ਦਸਤਖ਼ਤ ਕਰਨੇ ਲਾਜ਼ਮੀ ਹਨ। ਇਹ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਘੋਸ਼ਣਾ ਦੀ ਸ਼ਬਦਾਵਲੀ ਦੀ ਸਹੀ ਸਮਝ ਲੱਗੇ, ਇਸ ਕਰਕੇ ਇਸ ਨੂੰ ਹੁਣੇ ਚੰਗੀ ਤਰਾਂ ਪੜੋ:

**ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ:**

- ਮੈਂ SQA ਦਾ *ਤੁਹਾਡਾ ਕੋਰਸ ਦਾ ਕੰਮ ਕਿਤਾਬਚਾ* ਪੜ ਲਿਆ ਹੈ ਅਤੇ ਮੈਨੂੰ ਇਸ ਵਿੱਚ ਸ਼ਾਮਲ ਤੱਤਾਂ ਦੀ ਸਮਝ ਲੱਗ ਗਈ ਹੈ
- ਮੈਨੂੰ ਸਮਝ ਹੈ *ਕਿ ਤੁਹਾਡਾ ਕੋਰਸ ਦਾ ਕੰਮ* ਕਿਤਾਬਚੇ ਵਿੱਚ ਸੇਧ ਦੀ ਪਾਲਣਾ ਨਾ ਕਰਨ ਵਾਲੇ ਪ੍ਰੀਖਿਆਰਥੀ ਨੂੰ SQA ਸਜਾ ਦੇ ਸਕਦੀ ਹੈ
- ਇਸ ਐਲਾਨ ਨਾਲ ਪੇਸ਼ ਕੀਤਾ ਸਭ ਕੋਰਸ ਦਾ ਕੰਮ ਮੇਰਾ ਆਪਣਾ ਕੀਤਾ ਹੋਇਆ ਹੈ, ਜਿਸ ਨਾਲ ਜਾਣਕਾਰੀ ਦੇ ਸੋਮਿਆਂ ਦੀ ਸਪਸ਼ਟ ਪਛਾਣ ਕੀਤੀ ਹੋਈ ਹੈ ਅਤੇ ਸਵੀਕਾਰ ਕੀਤੇ ਗਏ
- ਮੈਨੂੰ ਸਮਝ ਹੈ ਕਿ ਇਹ ਕੋਰਸ ਦਾ ਕੰਮ SQA ਨੂੰ ਮਾਰਕ ਕਰਨ ਲਈ ਪੇਸ਼ ਕੀਤਾ ਜਾਵੇਗਾ

***ਯਾਦ ਰੱਖੋ*** *:*

- ਤੁਹਾਡਾ ਕੰਮ SQA ਨੂੰ ਮਾਰਕ ਕਰਨ ਲਈ ਭੇਜਣ ਤੋਂ ਪਹਿਲਾਂ ਤੁਹਾਨੂੰ ਘੋਸ਼ਣਾ ਤੇ ਦਸਤਖ਼ਤ ਕਰਨੇ ਲਾਜ਼ਮੀ ਹਨ।
- ਘੋਸ਼ਣਾ ਤੇ ਦਸਤਖ਼ਤ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਤੁਹਾਨੂੰ ਇਸ ਦੀ ਸਮਝ ਲੱਗ ਗਈ ਹੈ। ਜੇ ਤੁਹਾਨੂੰ ਕਿਸੇ ਚੀਜ਼ ਦੀ ਪੂਰੀ ਸਮਝ ਨਾ ਲੱਗੇ ਤਾਂ ਆਪਣੇ ਟੀਚਰ ਜਾਂ ਲੈਕਚਰੱਰ ਨੂੰ ਤੁਹਾਡੀ ਮਦਦ ਕਰਨ ਲਈ ਆਖੋ।

**ਅਤੇ ਅੰਤ ਵਿੱਚ...**

ਯਾਦ ਰੱਖੋ ਕਿ ਹਰ ਕੋਈ ਤੁਹਾਨੂੰ ਚੰਗਾ ਕਰਦੇ ਦੇਖਣਾ ਚਾਹੁੰਦਾ ਹੈ। ਜਦੋਂ ਤੁਸੀਂ ਆਪਣੇ ਵਿਸ਼ਿਆਂ ਬਾਰੇ ਖੋਜ ਕਰ ਰਹੇ ਹੋਵੋ ਦੂਜਿਆਂ ਨਾਲ ਆਪਣੇ ਕੰਮ ਬਾਰੇ ਗੱਲ ਕਰਨੀ ਅਤੇ ਉਨਹਾਂ ਦੇ ਤਜ਼ਰਬੇ ਸਾਂਝੇ ਕਰਨੇ ਕਾਫੀ ਲਾਭਦਾਇਕ ਹੋ ਸਕਦੇ ਹਨ – ਸਿਰਫ ਯਕੀਨੀ ਬਣਾਓ ਕਿ ਜੋ ਕੰਮ ਤੁਸੀਂ ਮਾਰਕ ਕਰਨ ਲਈ ਪੇਸ਼ ਕਰੋ, ਉਹ ਤੁਹਾਡਾ ਆਪਣਾ ਹੋਵੇ।

ਇਸ ਕਰਕੇ, ਆਪਣੇ ਕੋਰਸਾਂ ਦਾ ਅਨੰਦ ਮਾਣੋ ਅਤੇ ਜੇ ਤੁਹਾਡੇ ਕੋਲ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਟੀਚਰਾਂ ਜਾਂ ਲੈਕਚਰਰਾਂ ਨੂੰ ਪੁੱਛੋ। ਉਹ ਇੱਥੇ ਤੁਹਾਡੀ ਮਦਦ ਕਰਨ ਲਈ ਹਨ।

ਗਾਹਕ ਸੰਪਰਕ ਕੇਂਦਰ (Customer Contact Centre)
ਫੋਨ: 0345 279 1000 ਵੈਬ: www.sqa.org.uk
BA7240 ਅਗਸਤ 2016